# ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

5th floor E-Block, Punjab School Education Board complex, Phase-8, Mohali
E-mail: aspdhr2016@gmail.com

ਵੱਲ

1. ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿੱ), ਪੰਜਾਬ।
2. ਸਮੂਹ ਜਿਲਾ ਸਿੱਖਿਆ ਅਫਸਰ (ਐ.ਸਿੱ), ਪੰਜਾਬ
3. ਸਮੂਹ ਪ੍ਰਿੰਸੀਪਲ, ਸਰਕਾਰੀ ਸੀ. ਸੈ ਸਕੂਲ, ਪੰਜਾਬ।
4. ਸਮੂਹ ਮੁੱਖ ਅਧਿਆਪਕ, ਸਰਕਾਰੀ ਹਾਈ ਅਤੇ ਮਿਡਲ ਸਕੂਲ, ਪੰਜਾਬ।
5. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ।

ਮੀਮੋਨੰ: ਸਸਅ/2019/ਗਰੇਡਿੰਗ/( )/ 180123

ਮਿਤੀ: 26.06.2019

**ਵਿਸ਼ਾ: ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀ ਗਰੇਡਿੰਗ ਸਬੰਧੀ।**

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਪੰਜਾਬ ਰਾਜ ਦੇ ਸਮੂਹ ਸਕੂਲਾਂ ਵਿੱਚ ਸਕੂਲ ਦੀ ਪੜਾਈ ਤੋਂ ਇਲਾਵਾ ਕਈ ਤਰਾਂ ਦੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਸਕੂਲ ਮੁੱਖੀਆਂ ਅਤੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਆਪਣੇ ਪੱਧਰ ਤੇ ਉਪਰਾਲੇ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਸਕੂਲਾਂ ਵਿੱਚ ਸਰਕਾਰ ਦੀ ਮਦਦ ਨਾਲ ਅਤੇ ਲੋਕਲ ਪੱਧਰ ਤੇ ਪੰਚਾਇਤ ਅਤੇ ਹੋਰ ਸੰਸਥਾਵਾਂ ਦੀ ਮਦਦ ਨਾਲ ਸਕੂਲ ਦਾ ਬੁਨਿਆਦੀ ਢਾਂਚਾ ਸਕੂਲ ਮੁੱਖੀਆਂ ਵੱਲੋਂ ਵਿਕਸਿਤ ਕੀਤਾ ਜਾਂਦਾ ਹੈ।

2. ਉਪਰੋਕਤ ਨੂੰ ਵੇਖਦੇ ਹੋਏ ਸਕੂਲਾਂ ਦੀ ਦਰਜਾਬੰਦੀ ਕੀਤੀ ਜਾ ਰਹੀ ਹੈ, ਜਿਸ ਨਾਲ ਸਕੂਲ ਮੁੱਖੀਆਂ ਅਤੇ ਅਧਿਆਪਕਾਂ ਵਿੱਚ ਆਪਸੀ competition ਦੀ ਭਾਵਨਾ ਪੈਦਾ ਹੋਵੇਗੀ ਅਤੇ ਨਾਲ ਹੀ ਵੱਖ-ਵੱਖ ਸਕੂਲਾਂ ਵਿੱਚ ਕੀਤੇ ਚੰਗੇ ਉਪਰਾਲੀਆਂ ਬਾਰੇ ਵੀ ਵਿਭਾਗ ਨੂੰ ਜਾਣਕਾਰੀ ਮਿਲੇਗੀ। ਇਸ ਤੋਂ ਇਲਾਵਾ ਸਕੂਲ ਮੁੱਖੀ ਵੱਲੋਂ ਸਕੂਲ ਵਿੱਚ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਅਤੇ ਸਕੂਲ ਲਈ ਸਲਾਨਾ ਯੋਜਨਾ ਤਿਆਰ ਕੀਤੀ ਜਾ ਸਕਦੀ ਹੈ। ਇਸ ਮੰਤਵ ਲਈ ਸਮੂਹ ਸਰਕਾਰੀ ਸੀ. ਸੈ ਸਕੂਲ ਅਤੇ ਹਾਈ ਸਕੂਲਾਂ ਦੀ ਗਰੇਡਿੰਗ ਕੀਤੀ ਜਾਣੀ ਹੈ।

3. ਇਨ੍ਹਾਂ ਸਕੂਲਾਂ ਦੀ ਗਰੇਡਿੰਗ ਲਈ ਜੋ ਪੈਮਾਨੇ ਅਪਣਾਏ ਜਾ ਸਕਦੇ ਹਨ ਉਹ ਹੇਠ ਲਿਖੇ ਅਨੁਸਾਰ ਹਨ:

I. ਸਕੂਲ ਦਾ ਵਿਦਿਆਰਥੀਆਂ ਦਾ ਸਲਾਨਾ ਨਤੀਜਾ ਅਤੇ ਅਧਿਆਪਕਾਂ ਦੀ ਉਪਲਭਧਤਾ।
II. ਸਕੂਲ ਵਿੱਚ ਉਪਲਬਧ ਬੁਨਿਆਦੀ ਢਾਂਚਾ।
III. ਸਹਿਵਿਦਿਅਕ ਕ੍ਰਿਆਵਾਂ।
IV. ਵਿਦਿਆਰਥੀਆਂ ਦੀ ਹਾਜਰੀ।
V. ਐਸ.ਐਮ.ਸੀ ਅਤੇ ਆਮ ਲੋਕਾਂ ਦਾ ਸਕੂਲ ਵਿੱਚ ਯੋਗਦਾਨ।

5. ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਸਕੂਲ ਦਾ epunjabschool ਪੋਰਟਲ ਦਾ ਡਾਟਾ ਅਤੇ ਆਪ ਜੀ ਦੇ ਨੋਡਲ ਅਧੀਨ ਆਉਂਦੇ ਪ੍ਰਾਇਮਰੀ ਸਕੂਲਾਂ ਦਾ ਡਾਟਾ ਪੱਤਰ ਜਾਰੀ ਹੋਣਦੇ 7 ਦਿਨਾਂ ਦੇ ਅੰਦਰ-ਅੰਦਰ epunjabschool ਪੋਰਟਲ ਤੇ ਅਪਲੋਡ ਕੀਤਾ ਜਾਵੇ। ਇਸ ਮੰਤਵ ਲਈ epunjabschool ਪੋਰਟਲ ਤੇ school login ਕਰਕੇ Other details link ਅਧੀਨ school grading link ਦਿੱਤਾ ਗਿਆ ਹੈ।ਉਸ ਉਪਰੰਤ ਆਪ ਵੱਲੋਂ ਹੇਠ ਲਿਖੇ ਪੰਜ modules ਅਧੀਨ data ਭਰਿਆ ਜਾਣਾ ਹੈ:

(a) School Results
(b) Infrastructure
(c) Co curricular Activities
(d) SMC & Public contribution
(e) Students Attendance

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।